ਡਿਜੀਟਲ ਦੋਮਾਹੀ ਪੱਤਰ ਅੰਕ: 5, ਨੰ: 1 (ਜਨਵਰੀ-ਫ਼ਰਵਰੀ, 2025) www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE' Vol. 5 No. 1 ( January-February 2025)


### ਸੰਪਾਦਕੀ ਬੋਰਡ

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ



**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com


**ਯੂਟਿਊਬ ਚੈਨਲ**

SCAN

### ਮੁਬਾਰਕ: ਨਵਾਂ ਸਾਲ 2025

ਦੇਸ਼ ਨੂੰ ਤਰੱਕੀ ਮਿਲੇ, ਚਮਕ ਜਿਉਂ ਨਗ ਮੁੰਦਰੀ ਆਵੇ,
ਪੰਜ-ਆਬ ਮੇਰਾ ਰਹੇ ਸਲਾਮਤ, ਕੋਈ ਨੂਰ ਰੁਹਾਨੀ ਆਵੇ।
ਨੀਤੀ ਘਾੜੂਆਂ ਦੇ ਚਕਸ਼ੂ ਖੁੱਲ੍ਹਣ, ਸੂਝਵਾਨ ਨੂੰ ਸੋਝੀ ਆਏ,
ਕੀਰਤੀਆਂ ਨੂੰ ਕਿਰਤ ਮਿਲੇ, ਖੋਜੀ ਨੂੰ ਫ਼ੁਰਨਾ ਨਵਾਂ ਕੋਈ ਆਏ।
ਕਿਰਸਾਨੀ ਨੂੰ ਉਪਜ ਮਿਲੇ, ਉਪਜ ਨੂੰ ਮੁੱਲ, ਤੰਗੀ ਨੂੰ ਤੋਟ ਕੋਈ ਨਾ ਆਵੇ।

ਜਰਵਾਣਿਆਂ ਨੂੰ ਜੋਸ਼ ਮਿਲੇ, ਵਡੇਰਿਆਂ ਨੂੰ ਪਿਆਰ,
ਪੜ੍ਹਾਕੂਆਂ ਨੂੰ ਤਾਲੀਮ ਮਿਲੇ, ਪਾੜ੍ਹਿਆਂ ਨੂੰ ਰੋਜ਼ਗਾਰ।
ਭੁੱਖੇ ਨੂੰ ਨਿਵਾਲਾ ਮਿਲੇ, ਲ਼ਵਾਰਿਸ ਨੂੰ ਘਰ-ਬਾਰ,
ਬੱਚਿਆਂ ਨੂੰ ਖੇਡਾਂ ਮਿਲਣ, ਪਾਲਕ ਨੂੰ ਦੁੱਧ ਘਿਉ ਦੇ ਅੰਬਾਰ।
ਗੱਭਰੂ ਨੂੰ ਫੱਬ ਮਿਲੇ, ਮੁਟਿਆਰ ਨੂੰ ਹਾਰ ਸ਼ਿੰਗਾਰ,
ਹਾਣ ਨੂੰ ਹਾਣੀ ਮਿਲੇ, ਫੁੱਲਾਂ ਨੂੰ ਬਹਾਰ।

ਮੌਸਮ ਨੂੰ ਰੁੱਤਾਂ ਮਿਲਣ, ਮਹੀਨਿਆਂ ਨੂੰ ਵਾਰ,
ਰੁੱਖਾਂ ਨੂੰ ਧੁੱਪ ਮਿਲੇ, ਚੌਗਿਰਦੇ ਨੂੰ ਨੁਹਾਰ।
ਸਾਗਰ ਨੂੰ ਨਦੀ ਮਿਲੇ, ਵਿਛੜੇ ਨੂੰ ਡਾਰ,
ਫਕੀਰ ਨੂੰ ਆਮਦ ਹੋਵੇ, ਫਰਿਆਦੀ ਦੀ ਜਾਵੇ ਸੁਣੀ ਗੁਹਾਰ।
ਵੈਰਾਗੀ ਨੂੰ ਵੈਰਾਗ ਮਿਲੇ, ਕਲਾ ਨੂੰ ਕਲਾਕਾਰ,
ਕਵੀ ਨੂੰ ਕਵਿਤਾ ਮਿਲੇ, ਕਹਾਣੀਕਾਰ ਨੂੰ ਸਾਰ।

ਸਰੂਰ ਮਿਲੇ ਸਭ ਨੂੰ, ਖੁਸ਼ੀਆਂ ਮਿਲਣ ਬੇਸ਼ੁਮਾਰ,
ਚੌਤਰਫ਼ਾ ਹੋਏ ਖੁਸ਼ਹਾਲੀ, ਬਖਿਸ਼ਸ਼ਾਂ ਹੋਣ ਅਪਾਰ।
ਸਾਰਿਆਂ ਨੂੰ ਨਵਾਂ ਸਾਲ 2025 ਬਹੁਤ ਬਹੁਤ ਮੁਬਾਰਕ

(ਸੰਪਾਦਕ)

## ਯੂਨੀਵਰਸਿਟੀ ਵਿਖੇ ਸਾਲਾਨਾ 'ਡੌਗ ਸ਼ੋਅ' ਦਾ ਆਯੋਜਨ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ 15 ਦਸੰਬਰ ਨੂੰ ਯੂਨੀਵਰਸਿਟੀ ਵਿਖੇ 'ਡੌਗ ਸ਼ੋਅ' ਦਾ ਸਫ਼ਲ ਆਯੋਜਨ ਕੀਤਾ ਗਿਆ। 'ਡੌਗ ਸ਼ੋਅ' ਦਾ ਉਦਘਾਟਨ ਸ਼੍ਰੀ ਸ਼ੁਭਮ ਅਗਰਵਾਲ (ਆਈ ਪੀ ਐੱਸ, ਸੰਯੁਕਤ ਕਮਿਸ਼ਨਰ ਪੁਲਿਸ) ਵੱਲੋਂ ਕੀਤਾ ਗਿਆ। ਉਹਨਾਂ ਨੇ ਯੂਨੀਵਰਸਿਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਅਜੋਕੇ ਸਮਾਜ ਵਿੱਚ ਪਾਲਤੂ ਜਾਨਵਰਾਂ ਦੇ ਯੋਗਦਾਨ ਬਾਰੇ ਚਾਨਣਾ ਪਾਇਆ। ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਤਿੰਦਰਪਾਲ ਸਿੰਘ ਗਿੱਲ ਨੇ ਪਾਲਤੂ ਜਾਨਵਰਾਂ ਅਤੇ ਮਨੁੱਖਾਂ ਦੇ ਰਿਸ਼ਤਿਆਂ ਦਾ ਜ਼ਿਕਰ ਕਰਦੇ ਹੋਏ ਪਾਲਤੂ ਜਾਨਵਰਾਂ ਦੀ ਸਹੀ ਸੰਭਾਲ ਅਤੇ ਰੱਖ-ਰਖਾਅ ਦਾ ਸੁਨੇਹਾ ਦਿੱਤਾ। ਇਸ ਮੌਕੇ ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਦੇ 'ਡੌਗ ਸਕੁਐਡ' ਵੱਲੋਂ ਸਾਹਸਿਕ-ਖੇਡਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ 'ਸ਼ੋਅ' ਦੌਰਾਨ ਵੱਖ-ਵੱਖ ਵਰਗਾਂ ਵਿੱਚ ਪਾਲਤੂ ਜਾਨਵਰਾਂ ਦੇ ਮੁਕਾਬਲੇ ਵੀ ਕਰਵਾਏ ਗਏ।





## ਯੂਨੀਵਰਸਿਟੀ ਅਤੇ ਕੇਂਦਰੀ ਸੰਸਥਾ ਦਰਮਿਆਨ ਜਲ ਜੀਵ ਪਾਲਣ ਸਬੰਧੀ ਸਮਝੌਤਾ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਅਤੇ ਸੈਂਟਰਲ ਇੰਸਟੀਚਿਊਟ ਆਫ਼ ਬਰੈਕਿਸ਼ਵਾਟਰ ਐਕੁਆਕਲਚਰ ਵੱਲੋਂ ਪੰਜਾਬ ਵਿੱਚ ਖਾਰੇ ਪਾਣੀ ਵਿੱਚ ਜਲਜੀਵ ਪਾਲਣ ਸੰਬੰਧੀ ਤਾਲਮੇਲ ਬਣਾਉਣ ਲਈ ਸਮਝੌਤਾ ਕੀਤਾ ਗਿਆ। ਇਸ ਸਬੰਧ ਵਿੱਚ ਉਪ-ਕੁਲਪਤੀ ਡਾ. ਜਤਿੰਦਰਪਾਲ ਸਿੰਘ ਗਿੱਲ ਨੇ ਕਿਹਾ ਕਿ ਖਾਰੇ ਪਾਣੀ ਵਿੱਚ ਮੱਛੀ ਪਾਲਣ ਦੀਆਂ ਚੁਣੌਤੀਆਂ ਦੇ ਹੱਲ ਲਈ ਦੋਨਾਂ ਸੰਸਥਾਨਾਂ ਵਿੱਚ ਸਹਿਯੋਗ ਨਾਲ ਮਹੱਤਵਪੂਰਨ ਬਦਲਾਅ ਲਿਆਂਦੇ ਜਾ ਸਕਣਗੇ। ਨਿਰਦੇਸ਼ਕ ਖੋਜ ਡਾ. ਅਨਿਲ ਕੁਮਾਰ ਅਰੋੜਾ ਨੇ ਕਿਹਾ ਕਿ ਇਸ ਸਮਝੌਤੇ ਨਾਲ ਇਸ ਖੇਤਰ ਵਿੱਚ ਖੋਜ ਕਾਰਜ ਹੋਰ ਤੇਜ਼ ਹੋਣਗੇ ਜਿਹਨਾਂ ਦਾ ਸਿੱਧਾ ਫ਼ਾਇਦਾ ਕਿਸਾਨਾਂ ਨੂੰ ਮਿਲੇਗਾ। ਫ਼ਿਸ਼ਰੀਜ਼ ਕਾਲਜ ਦੇ ਡੀਨ ਡਾ. ਮੀਰਾ ਡੀ ਆਂਸਲ ਨੇ ਕਿਹਾ ਕਿ ਖਾਰੇ ਪਾਣੀ ਵਿੱਚ ਜਲ-ਜੀਵਾਂ ਦਾ ਵਿਕਾਸ ਕਿਸਨਾਂ ਦੀ ਤਰੱਕੀ ਲਈ ਮੀਲ ਪੱਥਰ ਸਾਬਿਤ ਹੋਵੇਗਾ।







## ਪਸ਼ੂਆਂ ਦੇ ਸੂਣ ਸਮੇਂ ਦੀ ਖੁਰਾਕ

ਸੂਣ ਤੋਂ ਇੱਕੀ ਦਿਨਾਂ ਦੇ ਬਾਅਦ ਦਾ ਸਮਾਂ ਬਹੁਤ ਮਹੱਤਵਪੂਰਨ ਹੁੰਦਾ ਹੈ ਕਿ ਇਸ ਦੌਰਾਨ ਸਰੀਰਕ ਤੰਤਰਾਂ ਵਿੱਚ ਨਿਰੰਤਰ ਬਦਲਾਅ ਹੁੰਦੇ ਰਹਿੰਦੇ ਹਨ ਜਿਵੇਂਕਿ ਹਾਰਮੋਨਾਂ ਦਾ ਬਦਲਣਾ,ਖੁਰਾਕ ਖਾਣ ਦੀ ਸਮਰੱਥਾ ਦਾ ਘਟਣਾ,ਪੋਸ਼ਟਿਕ ਤੱਤਾਂ ਦੀ ਘਾਟ ਅਤੇ ਪਾਚਕ ਰੋਗ (ਮੈਟਾਬੋਲਿਕ ਰੋਗ) ਦੀ ਸੰਭਾਵਨਾ।

### ਸੂਣ ਤੋਂ ਪਹਿਲਾਂ ਦੇ ਇੱਕੀ ਦਿਨ

ਸੂਣ ਵੇਲੇ ਪਸ਼ੂਆਂ ਦੇ ਖਾਣ ਦੀ ਸਮਰੱਥਾ 2% ਤੋਂ ਘੱਟ ਕੇ 1.4% ਤੱਕ ਰਹਿ ਜਾਂਦੀ ਹੈ ਜਿਸਨੂੰ ਉੱਚ ਊਰਜਾ ਘੱਟ ਰੇਸ਼ੇਦਾਰ ਖੁਰਾਕ ਨਾਲ ਪੂਰਾ ਕਰ ਸਕਦੇ ਹਾਂ ।

ਸਟਾਰਚ ਸਪਲੀਮੈਂਟ ਜਿਵੇਂ ਕਿ ਪ੍ਰੋਪਾਈਲੀਨ ਗਲਾਇਕੋਲ ਅਤੇ ਕੈਲਸ਼ੀਅਮ ਪ੍ਰੋਪਿਉਨੇਟ ਦੇ ਸਕਦੇ ਹਾਂ।

ਰੂਮਨ ਪ੍ਰੋਟੈਕਟਡ ਕੋਲੀਨ 50-70 ਗ੍ਰਾਮ/ਪਸ਼ੂ/ਦਿਨ ਅਤੇ 700 ਗ੍ਰਾਮ ਪ੍ਰਤੀ ਕੁਇੰਟਲ ਦੀ ਦਰ ਨਾਲ ਵੰਡ ਵਿੱਚ ਮਿਲਾ ਸਕਦੇ ਹਾਂ।

ਵੰਡ/ ਖੁਰਾਕ ਵਿੱਚ ਕੈਲਸ਼ੀਅਮ ਦੀ ਮਾਤਰਾ 0.6 ਪ੍ਰਤੀਸ਼ਤ ਅਤੇ ਮੈਗਨੀਸ਼ੀਅਮ ਦੀ ਮਾਤਰਾ 0.45 ਪ੍ਰਤੀਸ਼ਤ ਹੋਣੀ ਚਾਹੀਦੀ ਹੈ।

ਧਾਤਾਂ ਦਾ ਚੂਰਾ 2 ਪ੍ਰਤੀਸ਼ਤ ਪ੍ਰਤੀ ਕੁਇੰਟਲ ਦੀ ਦਰ ਨਾਲ ਵੰਡ ਵਿੱਚ ਮਿਲਾਉਣਾ ਚਾਹੀਦਾ ਹੈ।

ਮੈਸਟਾਇਟਸ ਰੋਗ ਤੋਂ ਬਚਾਅ ਲਈ ਵਿਟਾਮਿਨ ਈ ਦਾ ਉਪਯੋਗ ਕਰ ਸਕਦੇ ਹਾਂ, ਇਸਦੀ ਮਾਤਰਾ 3000 IU ਪ੍ਰਤੀ ਦਿਨ ਪ੍ਰਤੀ ਪਸ਼ੂ ਹੋਣੀ ਚਾਹੀਦੀ ਹੈ।

ਸੂਣ ਤੋਂ ਪਹਿਲਾਂ ਦੇ 3 ਦਿਨ ਪਸ਼ੂ ਖਾਣਾ ਬਹੁਤ ਹੀ ਘੱਟ ਕਰ ਦਿੰਦਾ ਹੈ ਜਿਸ ਦੋਰਾਨ ਵੰਡ ਵਿੱਚ ਸਿਰਫ ਚੌਕਰ ਨੂੰ ਦੇ ਸਕਦੇ ਹਾਂ ਇਸ ਕਰਕੇ ਪਸ਼ੂਆਂ ਨੂੰ ਬੰਨ ਦੀ ਸ਼ਿਕਾਇਤ ਨਹੀ ਹੁੰਦੀ।

### ਸੂਣ ਤੋਂ ਬਾਅਦ ਦੇ ਇੱਕੀ ਦਿਨ

ਸੂਣ ਤੋਂ ਬਾਅਦ ਊਰਜਾ ਅਤੇ ਪ੍ਰੋਟੀਨ ਦੀ ਜਰੂਰਤ 1.5 ਗੁਣਾ ਵੱਧ ਜਾਂਦੀ ਹੈ।

ਪਸ਼ੂਆਂ ਦੀ ਕੈਲਸ਼ੀਅਮ ਦੀ ਜਰੂਰਤ 2.4 ਗੁਣਾ ਵੱਧ ਜਾਂਦੀ ਹੈ। ਸੋ ਇਸ ਕਰਕੇ ਕੈਲਸ਼ੀਅਮ ਦੇ ਘੋਲ ਜਾਂ ਕੈਲਸੀਅਮ ਜੈਲ ਦਿੱਤੀ ਜਾਣੀ ਚਾਹੀਦੀ ਹੈ ।

ਸੁਰੂਆਤੀ ਸਮੇਂ ਵਿੱਚ ਵੰਡ ਵੱਖ ਵੱਖ ਸਮੇਂ ਦੇਣੀ ਚਾਹੀਦੀ ਹੈ ਤਾਂ ਕਿ ਪੇਟ ਦਾ ਤੇਜ਼ਾਬੀਕਰਨ ਨਾ ਹੋਵੇ।

ਊਰਜਾ ਲਈ 250 ਗ੍ਰਾਮ ਗੁੜ ਦਾ ਘੋਲ / ਸ਼ੱਕਰ ਦਾ ਪਾਣੀ ਦਿੱਤਾ ਜਾ ਸਕਦਾ ਹੈ।

ਪਾਣੀ ਦੀ ਜਰੂਰਤ 5-10 ਪ੍ਰਤੀਸ਼ਤ ਵੱਧ ਜਾਦੀ ਹੈ।

ਕੱਚੀ ਪ੍ਰੋਟੀਨ ਲਗਭਗ 18 ਪ੍ਰਤੀਸ਼ਤ ਦੇ ਕਰੀਬ ਹੋਣੀ ਚਾਹੀਦੀ ਹੈ।

ਮਿੱਠਾ ਸੋਡਾ (ਸੋਡੀਅਮ ਬਾਈਕਾਰਬੋਨੇਟ) 750 ਗ੍ਰਾਮ ਅਤੇ ਮੈਗਨੀਸੀਅਮ ਆਕਸਾਈਡ 250 ਗ੍ਰਾਮ (3:1 ਦੇ ਅਨੁਪਾਤ ਨਾਲ) ਮਿਲਾ ਕੇ ਬਫ਼ਰ ਬਣਾ ਸਕਦੇ ਹਾਂ। ਇਸਦੀ ਵਰਤੋਂ ਲਈ 1 ਕਿਲੋ ਬਫ਼ਰ 1 ਕੁਇੰਟਲ ਵੰਡ ਵਿੱਚ ਮਿਲਾਉਣਾ ਚਾਹੀਦਾ ਹੈ।

ਜੇਕਰ ਸਾਈਲੇਜ਼ ਪਸ਼ੂਆਂ ਨੂੰ ਦਿੱਤਾ ਜਾ ਰਿਹਾ ਹੈ ਤਾਂ ਵਿਟਾਮਿਨ ਏ, ਡੀ 3 ਅਤੇ ਈ ਦੀ ਵਰਤੋਂ ਲਈ ਜਾਣੀ ਚਾਹੀਦੀ ਹੈ।

ਵਧੇਰੇ ਦੁਧਾਰੂ ਪਸ਼ੂਆਂ ਨੂੰ ਚਿਲੇਟਡ ਧਾਤਾਂ ਦਾ ਚੂਰਾ 25-35 ਗ੍ਰਾਮ, ਬਫ਼ਰ 50-60 ਗ੍ਰਾਮ, 150 ਗ੍ਰਾਮ ਬਾਇਪਾਸ ਫੈਟ ਦੇਣ ਚਾਹੀਦਾ ਹੈ।ਯੀਸਟ ਦੇਣ ਲਈ 150-200 ਗ੍ਰਾਮ ਯੀਸਟ ਨੂੰ 100 ਕਿਲੋ ਵੰਡ ਵਿੱਚ ਮਿਲਾਉਣਾ ਚਾਹੀਦਾ ਹੈ।

(ਡਾ. ਨੀਤੀ ਲਖਾਨੀ ਅਤੇ ਡਾ. ਗੁਰਸਲਾਮਤ ਸਿੰਘ)

## ਦੇਸ਼ ਵਿੱਚ ਦੁੱਧ, ਮੀਟ, ਆਂਡੇ ਅਤੇ ਉੱਨ ਦਾ ਉਤਪਾਦਨ

ਪਸ਼ੂ ਪਾਲਣ ਖੇਤਰ ਇੱਕ ਵੱਡਾ ਆਰਥਿਕ ਖੇਤਰ ਹੈ ਅਤੇ ਦੇਸ਼ ਦੀ ਸਮੁੱਚੀ ਸਮਾਜਿਕ-ਆਰਥਿਕ ਸਥਿਤੀ ਨੂੰ ਸੁਧਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤ ਅਤੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਪਸ਼ੂ ਪਾਲਣ ਦਾ ਇਕ ਅਹਿਮ ਯੋਗਦਾਨ ਹੈ। ਪਸ਼ੂ ਪਾਲਣ ਕਿਸਾਨਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਰੁਜ਼ਗਾਰ, ਰੋਜ਼ੀ-ਰੋਟੀ ਅਤੇ ਆਮਦਨ ਮੁਹੱਈਆ ਕਰਦਾ ਹੈ। ਪਸ਼ੂਧਨ ਖੇਤਰ ਮਨੁੱਖਾ ਦੀ ਰੋਜ਼ਾਨਾ ਦੀਆਂ ਜਰੂਰੀ ਲੋੜਾਂ ਜਿਵੇ ਕਿ ਦੁੱਧ, ਮੀਟ, ਆਂਡੇ ਅਤੇ ਉੱਨ ਦੇ ਮਹੱਤਵਪੂਰਨ ਸਰੋਤ ਵਜੋਂ ਯੋਗਦਾਨ ਪਾਉਂਦਾ ਹੈ। ਭਾਰਤ ਸਰਕਾਰ ਦੇ ਬੇਸਿਕ ਐਨੀਮਲ ਹਸਬੈਨਡਰੀ (ਭਅਸ਼ 2024) ਦੀ ਰਿਪੋਰਟ ਤਹਿਤ ਸਾਲ 2023-24 ਦੀ ਮੀਟ, ਦੁੱਧ, ਆਂਡੇ ਅਤੇ ਉੱਨ ਦੇ ਉਤਪਾਦਨ ਸੰਬੰਧਿਤ ਅੰਕੜੇ ਜਾਰੀ ਕੀਤੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ

### ਭਾਰਤ ਦੇਸ਼ ਵਿੱਚ ਦੁੱਧ ਦਾ ਉਤਪਾਦਨ

ਦੇਸ਼ ਦਾ ਕੁੱਲ ਦੁੱਧ ਉਤਪਾਦਨ 239.30 ਮਿਲੀਅਨ ਟਨ ਹੈ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 3.78% ਵੱਧ ਹੈ। ਭਾਰਤ ਕੁੱਲ ਦੁੱਧ ਉਤਪਾਦਨ ਲਈ ਦੁਨੀਆ ਵਿੱਚ ਪਹਿਲੇ ਸਥਾਨ 'ਤੇ ਹੈ (ਸਰੋਤ: ਫਐੌ)। ਸਾਡੇ ਦੇਸ਼ ਵਿੱਚ ਦੁੱਧ ਦੀ ਪ੍ਰਤੀ ਵਿਅਕਤੀ ਉਪਲਬਧਤਾ (Per Caipta Avialaibilty) 471 ਗ੍ਰਾਮ ਪ੍ਰਤੀ ਦਿਨ ਹੈ । ਪੰਜਾਬ ਵਿੱਚ ਦੁੱਧ ਦੀ ਪ੍ਰਤੀ ਵਿਅਕਤੀ ਉਪਲਬਧਤਾ ਦੇਸ਼ ਦੇ ਦੂਜੇ ਰਾਜਾਂ ਦੇ ਮੁਕਾਬਲੇ ਵੱਧ ਹੈ। ਦੇਸ਼ ਦੇ ਕੁੱਲ ਦੁੱਧ ਉਤਪਾਦਨ ਵਿੱਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਰਾਜ ਉੱਤਰ ਪ੍ਰਦੇਸ਼ (16.21%), ਰਾਜਸਥਾਨ (14.51%), ਮੱਧ ਪ੍ਰਦੇਸ਼ (8.91%), ਗੁਜਰਾਤ (7.65%) ਅਤੇ ਮਹਾਰਾਸ਼ਟਰ (6.71%) ਹਨ। ਇਹ ਰਾਜ ਮਿਲ ਕੇ ਦੇਸ਼ ਦੇ ਕੁੱਲ ਦੁੱਧ ਉਤਪਾਦਨ ਵਿੱਚ 53.99% ਯੋਗਦਾਨ ਪਾਉਂਦੇ ਹਨ।

### ਭਾਰਤ ਦੇਸ਼ ਵਿੱਚ ਮੀਟ ਦਾ ਉਤਪਾਦਨ

ਸਾਲ 2023-24 ਦੌਰਾਨ ਭਾਰਤ ਵਿੱਚ 10.25 ਮਿਲੀਅਨ ਟਨ ਮੀਟ ਦਾ ਉਤਪਾਦਨ ਹੋਇਆ ਹੈ। ਪਿਛਲੇ ਸਾਲ ਦੇ ਮੁਕਾਬਲੇ ਮੀਟ ਉਤਪਾਦਨ ਵਿੱਚ 4.95% ਦਾ ਵਾਧਾ ਦੇਖਿਆ ਗਿਆ ਹੈ। ਚੀਨ, ਅਮਰੀਕਾ, ਬ੍ਰਾਜ਼ੀਲ, ਰੂਸ ਤੋਂ ਬਾਅਦ ਭਾਰਤ ਕੁੱਲ ਮੀਟ ਉਤਪਾਦਨ ਲਈ ਦੁਨੀਆ ਵਿੱਚ 5ਵੇਂ ਸਥਾਨ 'ਤੇ ਹੈ (ਸਰੋਤ: ਫਐੌ)। ਚੋਟੀ ਦੇ 5 ਮੀਟ ਉਤਪਾਦਕ ਰਾਜ ਪੱਛਮੀ ਬੰਗਾਲ (12.62%), ਉੱਤਰ ਪ੍ਰਦੇਸ਼ (12.29%), ਮਹਾਰਾਸ਼ਟਰ (11.28%), ਤੇਲੰਗਾਨਾ (10.85%) ਅਤੇ ਆਂਧਰਾ ਪ੍ਰਦੇਸ਼ (10.41%) ਹਨ। ਅਤੇ ਇਹ ਰਾਜ ਮਿਲ ਕੇ ਦੇਸ਼ ਦੇ ਕੁੱਲ ਮੀਟ ਉਤਪਾਦਨ ਵਿੱਚ 57.45% ਯੋਗਦਾਨ ਪਾਉਂਦੇ ਹਨ। ਸਾਲ 2023-24 ਵਿੱਚ ਸਪੀਸੀਜ਼-ਵਾਈਜ਼ ਦੇਖਿਏ ਤਾ - ਪੋਲਟਰੀ, 48.96%; ਗਾਂ, 2.60%; ਮੱਝ, 18.09%; ਭੇਡ, 11.13%; ਬੱਕਰੀ 15.50% ਅਤੇ ਸੂਰ, 3.72% ਯੋਗਦਾਨ ਪਾਉਂਦੇ ਹਨ।

### ਭਾਰਤ ਦੇਸ਼ ਵਿੱਚ ਆਂਡਿਆਂ ਦਾ ਉਤਪਾਦਨ

ਸਾਲ 2023-24 ਦੌਰਾਨ ਦੇਸ਼ ਵਿੱਚ ਕੁੱਲ ਆਂਡਿਆਂ ਦਾ ਉਤਪਾਦਨ 142.77 ਬਿਲੀਅਨ ਆਂਡੇ ਰਿਹਾ (ਸੰਖਿਆ) ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 3.17 % ਵੱਧ ਹੈ। ਪ੍ਰਤੀ ਵਿਅਕਤੀ ਉਪਲਬਧਤਾ ਦੀ ਜੇਕਰ ਗੱਲ ਕੀਤੀ ਜਾਵੇ ਤਾ ਇਹ ਵਧ ਕੇ 103 ਆਂਡੇ/ਸਾਲ ਹੋ ਗਈ ਹੈ। ਭਾਰਤ ਆਂਡੇ ਦੇ ਉਤਪਾਦਨ ਲਯੀ ਦੁਨੀਆ ਵਿੱਚ ਦੂਜੇ ਸਥਾਨ 'ਤੇ ਹੈ (ਸਰੋਤ: ਫਐੌ)। ਪੋਲਟਰੀ ਤੋਂ ਆਂਡਿਆਂ ਦਾ ਕੁੱਲ ਉਤਪਾਦਨ 114.92 ਬਿਲੀਅਨ (ਆਂਡੇ) ਹੈ, ਅਤੇ ਬੈਕਯਾਰਡ ਪੋਲਟਰੀ ਤੋਂ 2.7 ਬਿਲੀਅਨ ਆਂਡੇ ਮਿਲਦੇ ਹਨ, ਜੋ ਕੁੱਲ ਆਂਡੇ ਉਤਪਾਦਨ ਵਿੱਚ 80.49% ਅਤੇ 19.50% ਯੋਗਦਾਨ ਪਾਉਂਦੇ ਹਨ। ਆਂਡਿਆਂ ਦੇ ਉਤਪਾਦਨ ਵਿੱਚ ਆਂਧਰਾ ਪ੍ਰਦੇਸ਼ (17.85%), ਤਾਮਿਲਨਾਡੂ (15.64%), ਤੇਲੰਗਾਨਾ (12.87%), ਪੱਛਮੀ ਬੰਗਾਲ (11.37%) ਅਤੇ ਕਰਨਾਟਕ (6.62%) ਹਿੱਸਾ ਪਾਉਂਦੇ ਹਨ। ਇਹ ਰਾਜ ਮਿਲ ਕੇ ਦੇਸ਼ ਦੇ ਕੁੱਲ ਆਂਡੇ ਉਤਪਾਦਨ ਵਿੱਚ 64.37% ਯੋਗਦਾਨ ਪਾਉਂਦੇ ਹਨ।

### ਭਾਰਤ ਦੇਸ਼ ਵਿੱਚ ਉੱਨ ਦਾ ਉਤਪਾਦਨ

ਦੇਸ਼ ਦਾ ਕੁੱਲ ਉੱਨ ਉਤਪਾਦਨ 33.69 ਮਿਲੀਅਨ ਕਿਲੋਗ੍ਰਾਮ ਹੈ ਅਤੇ ਇਸ ਵਿੱਚ ਪਿਛਲੇ ਸਾਲ 2022-23 ਦੇ ਮੁਕਾਬਲੇ 0.22% ਦਾ ਵਾਧਾ ਦਰਜ ਕੀਤਾ ਗਯਾ ਹੈ। ਉੱਨ ਉਤਪਾਦਨ ਵਿੱਚ ਮੁੱਖ ਤੌਰ 'ਤੇ ਰਾਜਸਥਾਨ (45.94%), ਜੰਮੂ ਅਤੇ ਕਸ਼ਮੀਰ (25.24%), ਗੁਜਰਾਤ (7.08%), ਮਹਾਰਾਸ਼ਟਰ (5.42%) ਅਤੇ ਹਿਮਾਚਲ ਪ੍ਰਦੇਸ਼ (4.08%) ਯੋਗਦਾਨ ਪਾਉਂਦੇ ਹਨ ਜੋ ਕਿ ਦੇਸ਼ ਦੇ ਕੁੱਲ ਉੱਨ ਉਤਪਾਦਨ ਵਿੱਚ 87.76% ਯੋਗਦਾਨ ਪਾਉਂਦੇ ਹਨ।

(ਡਾ. ਓਮ ਪ੍ਰਕਾਸ਼ ਮਾਲਵ ਅਤੇ ਡਾ. ਸੰਦੀਪ ਸਿੰਘ ਧਾਲੀਵਾਲ)


## ਵੱਖ-ਵੱਖ ਪਸ਼ੂਆਂ ਵਿੱਚ ਟ੍ਰਾਈਪੈਨੋਸੋਮੋਸਿਸ (ਸਰ੍ਹਾ ਰੋਗ) ਦੇ ਲੱਛਣਾਂ ਦਾ ਵਿਸ਼ਲੇਸ਼ਣ

ਜਾਨਵਰਾਂ ਵਿੱਚ ਸਰ੍ਹਾ ਰੋਗ, ਇੱਕ ਸਪੋਲੀਏ ਵਰਗੇ ਸੂਖਮ ਪਰਜੀਵੀ, ਟ੍ਰਿਪਨੋਸੋਮਾ ਇਵਾਂਸੀ, ਕਰਕੇ ਹੁੰਦੀ ਹੈ । ਇਹ ਰੋਗ ਖੂਨ ਚੂਸਣ ਵਾਲੀਆਂ ਮੱਖੀਆਂ ਤੇ ਭੂਰੇ ਮੱਖ ਦੇ ਕੱਟਣ-ਵੱਡਣ ਨਾਲ ਫੈਲਦਾ ਹੈ । ਵੈਸੇ ਤਾਂ ਬਰਸਾਤੀ ਮੌਸਮ ਵਿੱਚ ਬੀਮਾਰੀ ਜ਼ਿਆਦਾ ਹੁੰਦੀ ਹੈ ਪਰ ਤਣਾਅ-ਅਧੀਨ ਪਸ਼ੂਆਂ ਵਿੱਚ ਸਾਲ ਦੇ ਕਿਸੇ ਵੀ ਸਮੇਂ ਟੁੱਟਵੇਂ ਕੇਸ ਦੇਖੇ ਜਾ ਸਕਦੇ ਹਨ। ਵੱਖ-ਵੱਖ ਪਸ਼ੂਆਂ ਵਿੱਚ ਸਰ੍ਹਾ ਰੋਗ ਦੇ ਲੱਛਣਾਂ ਦਾ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:

| ਘੋੜੇ | ਗਾਂਵਾਂ ਅਤੇ ਮੱਝਾਂ | ਊਠ | ਕੁੱਤੇ | ਸੂਰ | ਭੇਡਾਂ ਅਤੇ ਬੱਕਰੀਆਂ |
|---|---|---|---|---|---|
| ਟੁੱਟਵਾਂ ਬੁਖਾਰ (106.7 ºF – 111.2 ºF) | ਟੁੱਟਵਾਂ ਬੁਖਾਰ (104 ºF ਤੱਕ) | ਤੇਜ਼ ਜਾਂ ਟੁੱਟਵਾਂ ਬੁਖਾਰ (105.8 ºF) | ਟੁੱਟਵਾਂ ਬੁਖਾਰ (102.2 ºF – 105.8 ºF) | ਟੁੱਟਵਾਂ ਬੁਖਾਰ (102.2 ºF – 105.8 ºF) | ਟੁੱਟਵਾਂ ਬੁਖਾਰ (104 ºF ਤੱਕ) |
| ਭੁੱਖ ਘੱਟਣਾ, ਸਰੀਰਕ ਕਮਜ਼ੋਰੀ, ਭਾਰ ਘੱਟਣਾ, ਸੁਸਤ ਪਸ਼ੂ | ਭੁੱਖ ਘੱਟਣਾ, ਭਾਰ ਘੱਟ ਜਾਣਾ, ਸਰੀਰਕ ਕਮਜ਼ੋਰੀ, ਪਸ਼ੂ ਦਾ ਹੋਲੀ ਹੋਲੀ ਸੁੱਕਣਾ | ਭੁੱਖ ਘੱਟਣਾ, ਭਾਰ ਘੱਟ ਜਾਣਾ, ਸਰੀਰਕ ਕਮਜ਼ੋਰੀ, ਸੁਸਤੀ ਤੇ ਪਸ਼ੂ ਦਾ ਹੋਲੀ ਹੋਲੀ ਸੁੱਕਣਾ | ਭੁੱਖ ਘੱਟਣਾ, ਭਾਰ ਘੱਟ ਜਾਣਾ, ਸਰੀਰਕ ਕਮਜ਼ੋਰੀ | ਭੁੱਖ ਘੱਟਣਾ, ਭਾਰ ਘੱਟ ਜਾਣਾ, ਸਰੀਰਕ ਕਮਜ਼ੋਰੀ, ਸ਼ੁਸਤ ਪਸ਼ੂ | ਭੁੱਖ ਘੱਟਣਾ, ਭਾਰ ਘੱਟ ਜਾਣਾ, ਸਰੀਰਕ ਕਮਜ਼ੋਰੀ, ਸ਼ੁਸਤ ਪਸ਼ੂ |
| ਖੂਨ ਦੀ ਕਮੀ | ਖੂਨ ਦੀ ਕਮੀ | ਖੂਨ ਦੀ ਕਮੀ | ਖੂਨ ਦੀ ਕਮੀ | ਖੂਨ ਦੀ ਕਮੀ | ਖੂਨ ਦੀ ਕਮੀ |
| ਪੀਲੀਆ, ਬਹੁਤ ਜ਼ਿਆਦਾ ਗੂੜੇ ਪੀਲੇ ਰੰਗ ਦਾ ਪਿਸ਼ਾਬ | ਦੁੱਧ ਉਤਪਾਦਨ ਵਿੱਚ ਕਮੀ | ਵਾਲਾਂ ਦਾ ਝੱੜਨਾ, ਖੁਰਕ ਪੈ ਜਾਣਾ | ਕੰਠਨਲੀ ਦੀ ਸੋਜ, ਆਵਾਜ਼ ਬਦਲਣਾ | ਪ੍ਰਜਣਨ ਸ਼ਕਤੀ ਘੱਟ ਜਾਣਾ | ਵਾਲਾਂ ਦਾ ਖੁਰਦਰਾ ਹੋ ਜਾਣਾ |
| ਗਰਦਨ ਅਤੇ ਵੱਖੀਆਂ ਤੇ ਛਪਾਕੀ ਵਰਗੇ ਧੱਫੜਾਂ ਦਾ ਹੋਣਾ | ਵਹਿੜੀਆਂ ਦੇ ਹੇਹੇ ਵਿੱਚ ਕਈ ਵਾਰ ਰੁਕਾਵਟ | ਕੁੱਬ ਦਾ ਅਲੋਪ ਹੋ ਜਾਣਾ | ਅੱਖਾਂ ਵਿੱਚੋਂ ਪਾਣੀ ਵਗਣਾ | ਚਮੜੀ ਦੇ ਧੱਫੜਾਂ ਦਾ ਬਣਨਾ | ਅੱਖਾਂ ਵਿੱਚੋਂ ਪਾਣੀ ਵਗਣਾ |
| ਅੱਖਾਂ ਦੇ ਅੰਦਰਵਾਰ, ਯੋਨੀ ਅਤੇ ਸੁਅ 'ਤੇ ਛੋਟੇ-ਛੋਟੇ ਖੂਨ ਦੇ ਧੱਬੇ | ਅੱਖਾਂ ਵਿੱਚੋਂ ਪਾਣੀ ਵਗਣਾ ਤੇ ਡੋਰ-ਭੋਰ ਦੇਖਣਾ | ਸਰੀਰ ਤੇ ਛੋਟੇ-ਵੱਡੇ ਖੂਨ ਦੇ ਧੱਬਿਆਂ ਦਾ ਹੋਣਾ | ਚਿੱਟਾ ਮੋਤੀਆ, ਕਈ ਵਾਰ ਅੰਨ੍ਹਾ ਹੋ ਜਾਣਾ | ਪਿਛਲੀਆਂ ਲੱਤਾਂ ਦਾ ਅਧਰੰਗ | ਥਕਾਵਟ ਜਾਂ ਅਚਾਨਕ ਹਮਲੇ ਦੀ ਪ੍ਰਵਿਰਤੀ |
| ਜਬਾੜੇ ਵਿੱਚਲੀ ਚਮੜੀ, ਲੱਤਾਂ, ਪੇਟ, ਪਤਾਲੂ, ਲੇਵਾ ਜਾਂ ਸਰੀਰ ਦੇ ਹੋਰ ਥੱਲੜੇ ਹਿੱਸਿਆਂ ਦੀ ਸੋਜਿਸ਼ | ਮੂੰਹ ਵਿੱਚੋਂ ਲਾਰਾਂ ਵੱਗਣਾ, ਦੰਦ ਕਿਟਕਿਟਾਉਣਾ, ਲੱਤਾਂ ਦੀ ਸੋਜ, ਔਖੇ ਤੇ ਤੇਜ਼-ਤੇਜ਼ ਸਾਹ, ਪੇਟ ਦਰਦ, ਜ਼ਮੀਨ ਤੇ ਡਿੱਗ ਪੈਣਾ ਤੇ ਕਈ ਵਾਰ ਮੋਕ ਲੱਗਣਾ | ਪਤਾਲੂ, ਲੇਵਾ ਜਾਂ ਸਰੀਰ ਦੇ ਹੋਰ ਥੱਲੜੇ ਹਿੱਸਿਆਂ ਦੀ ਸੋਜਿਸ਼ | ਸਿਰ, ਪੇਟ ਤੇ ਲੱਤਾਂ ਦੀ ਸੋਜ | ਬੱਚਿਆਂ ਵਿੱਚ ਤੇਜ਼ੀ ਨਾਲ ਸਰੀਰਕ ਕਮਜ਼ੋਰੀ, ਵਾਰ-ਵਾਰ ਖੰਘਣਾ ਅਤੇ ਮੋਕ ਲੱਗਣ ਵਰਗੇ ਲੱਛਣ ਦਿਖਾਈ ਦਿੰਦੇ ਹਨ | - |

## ਵੱਖ-ਵੱਖ ਪਸ਼ੂਆਂ ਵਿੱਚ ਟ੍ਰਾਈਪੈਨੋਸੋਮੋਸਿਸ (ਸਰ੍ਹਾ ਰੋਗ) ਦੇ ਲੱਛਣਾਂ ਦਾ ਵਿਸ਼ਲੇਸ਼ਣ

| ਘੋੜੇ | ਗਾਂਵਾਂ ਅਤੇ ਮੱਝਾਂ | ਊਠ | ਕੁੱਤੇ | ਸੂਰ | ਭੇਡਾਂ ਅਤੇ ਬੱਕਰੀਆਂ |
|---|---|---|---|---|---|
| ਸਰੀਰਕ ਤਾਲਮੇਲ ਦੀ ਕਮੀ, ਪਿਛਲੀਆਂ ਲੱਤਾਂ ਦਾ ਅਧਰੰਗ ਅਤੇ ਕਮਜ਼ੋਰੀ, ਤੁਰਨ ਵੇਲੇ ਖੁਰਾਂ ਨੂੰ ਘਸੀਟਣਾ ਅਤੇ ਬਹੁਤ ਜ਼ਿਆਦਾ ਪਸੀਨਾ ਆਉਣਾ | ਸਰੀਰ ਦਾ ਕੰਬਣਾ ਤੇ ਦੌਰੇ ਪੈਣਾ, ਮਾਸਪੇਸ਼ੀਆਂ ਦਾ ਅਕੜਾਅ, ਉਤੇਜਿੱਤ ਹੋਣਾ, ਵਾਰ-ਵਾਰ ਮੂਤਣਾ ਅਤੇ ਅੜਿੰਗਣਾ, ਗੋਲ ਚੱਕਰ ਵਿੱਚ ਘੁੰਮਣਾ, ਲੜਖੜਾ ਕੇ ਚੱਲਣਾ, ਖੁਰਲੀ, ਕਿੱਲ੍ਹੇ ਜਾਂ ਹੋਰ ਸਖਤ ਚੀਜ਼ਾਂ ਨੂੰ ਟੱਕਰਾਂ ਮਾਰਨਾ | ਕਦੀ-ਕਦੀ ਦੌਰੇ ਪੈਣਾ | ਸਰੀਰ ਦੇ ਪਿਛਲੇ ਹਿੱਸੇ ਦੀਆਂ ਮਾਸਪੇਸ਼ੀਆਂ ਦੀ ਕਮਜ਼ੋਰੀ, ਲੜਖੜਾ ਕੇ ਚੱਲਣਾ | ਦੌਰੇ ਪੈਣਾ, ਗੋਲ ਚੱਕਰਾਂ ਵਿੱਚ ਘੁੰਮਣਾ | ਸਰੀਰ ਦਾ ਕੰਬਣਾ ਤੇ ਦੌਰੇ ਪੈਣਾ |
| ਤੂਅ ਜਾਣਾ | ਤੂਅ ਜਾਣਾ | ਤੂਅ ਜਾਣਾ | - | ਤੂਅ ਜਾਣਾ | - |
| ਮੌਤ (ਅਚਾਨਕ ਜਾਂ ਘੰਟਿਆਂ-ਬੱਧੀ ਸੰਘਰਸ਼ ਤੋਂ ਬਾਅਦ) | ਮੌਤ (2-3 ਘੰਟੇ ਜਾਂ ਬੇਸੁੱਧ ਹੋਣ ਤੋਂ 6-12 ਘੰਟਿਆਂ ਦੇ ਅੰਦਰ) | ਮੌਤ | ਮੌਤ (ਗੰਭੀਰ ਮਾਮਲਿਆਂ ਵਿੱਚ ਇੱਕ ਹਫ਼ਤੇ ਤੋਂ ਇੱਕ ਮਹੀਨੇ ਦੇ ਅੰਦਰ) | ਮੌਤ | ਮੌਤ (ਗੰਭੀਰ ਮਾਮਲਿਆਂ ਵਿੱਚ) |



(ਡਾ. ਹਰਕੀਰਤ ਸਿੰਘ ਅਤੇ ਡਾ. ਜੋਤੀ)

## ਦੁਧਾਰੂਆਂ ਵਿੱਚ ਪਰਜੀਵੀ ਮੋਕ

ਨਵ ਜੰਮੇ ਅਤੇ ਛੋਟੀ ਉਮਰ ਦੇ ਜਾਨਵਰਾਂ ਵਿੱਚ ਮੌਤ ਦਾ ਮੁੱਖ ਕਾਰਨ ਮੋਕ ਹੁੰਦਾ ਹੈ। ਮੋਕ ਦੇ ਕਈ ਕਾਰਨ ਜਿਵੇਂ ਜੀਵਾਣੂ, ਵਿਸ਼ਾਣੂ ਅਤੇ ਕਈ ਕਿਸਮਾਂ ਦੇ ਪਰਜੀਵੀ ਹੁੰਦੇ ਹਨ।ਪਰਜੀਵੀ ਦੀਆਂ ਕਿਸਮਾਂ ਵਿੱਚ ਮੋਕ ਦਾ ਮੁੱਖ ਕਾਰਨ ਵੱਡੇ ਗੋਲਾਕਾਰ ਮਲੱਪ (ਟੋਕਸੋਕੈਰਾ), ਛੋਟੇ ਗੋਲਾਕਾਰ ਪਰਜੀਵੀ (ਸਟ੍ਰਾਈਗਾਈਲੋਆਈਡਜ਼, ਹਿਮੌਂਕਸ, ਟ੍ਰਾਈਕੋਸਟ੍ਰੌਗਾਈਲਸ, ਇਸੋਫੈਗੋਸਟੋਮਮ), ਫੀਤਾਕ੍ਰਿਮ (ਮੋਨੀਜੀਆਂ, ਅਵੈਟੀਲਾਈਨਾ, ਸਟਾਈਲੀਸ਼ੀਆ), ਪੱਤਾਕਾਰ ਪਰਜੀਵੀ (ਜਿਗਰ ਦੇ ਫੈਸੀਇਓਲਾ ਅਤੇ ਪੇਟੀ ਦੇ ਪੈਰਾਐਮਫੀਸਟੋਮ) ਤੇ ਸੂਖਮ ਪ੍ਰੋਟੋਜੋਆ ਪਰਜੀਵੀ (ਕੋਕਸੀਡੀਆ, ਕ੍ਰਿਪਟੋਸਪੋਰੀਡਿਉਸਿਸ, ਬੈਲੇਂਟੀਡੀਅਮ ਕੋਲਆਈ) ਹਨ।

ਲੱਛਣ: ਮੋਕ ਦੇ ਨਾਲ ਕੁੱਝ ਖਾਸ ਲੱਛਣ ਵੱਖ ਵੱਖ ਪਰਜੀਵੀ ਦੀਆਂ ਕਿਸਮਾਂ ਵਿੱਚ ਦੇਖਣ ਨੂੰ ਮਿਲਦੇ ਹਨ ਜਿਵੇ:


- ਟੋਕਸੋਕੈਰਾ ਮਲੱਪ ਰੋਗ ਵਿੱਵ ਰੁੱਖੀ ਚਮੜੀ, ਬੇਜਾਨ ਰੁੱਖੇ ਵਾਲ, ਅੰਦਰ ਧੱਸੀਆਂ ਅੱਖਾਂ, ਚਿੱਕੜ ਵਰਗੀ ਮਟਮੈਲੀ ਬਦਬੂਦਾਰ ਗੋਹਾ, ਫੁੱਲਿਆ ਪੇਟ, ਸਾਹ ਲੈਣ ਵਿੱਚ ਤਕਲੀਫ
- ਫੀਤਾਕ੍ਰਿਮ ਪਰਜੀਵੀਆਂ ਕਾਰਨ ਅੰਤੜੀਆਂ ਦਾ ਬੰਨ ਪੈਣਾ, ਮੌਕ ਵਿੱਚ ਭੁੰਨੇ ਹੋਏ ਚੋਲਾਂ ਵਰਗੇ ਮਾਸ ਦੇ ਛੋਟੇ-ਛੋਟੇ ਟੁਕੜੇ ਮਿਲਣਾ।
- ਗਿੱਲੜ/ਬਿੱਸੀ ਜਾਂ ਪਿੱਟੂ ਰੋਗ ਜੋ ਪੈਰਾਐਮਫੀਸਟੋਮ ਪੱਤਾਕਾਰ ਪਰਜੀਵੀ ਨਾਲ ਹੁੰਦਾ ਹੈ ਵਿੱਚ ਪਾਣੀ ਵਰਗਾ ਪਤਲਾ ਤੇ ਬਦਬੂਦਾਰ ਗੋਹਾ, ਪਸ਼ੂ ਦੀ ਝਾਲਰ ਤੇ ਸੋਜਿਸ, ਗੋਹੇ ਵਿੱਚ ਅਨਾਰ ਦੇ ਦਾਣੇ ਮਾਸ ਦੇ ਟੁਕੜੇ ਮਿਲਣਾ ।ਇਹ ਬਿਮਾਰੀ ਜਲੇਬੀ ਵਰਗੇ ਘੋਗੇ ਰਾਹੀ ਫੈਲਦੀ ਹੈ।
- ਜਿਗਰ ਦੇ ਪੱਤਾਕਾਰ ਪਰਜੀਵੀ ਫੈਸੀਇਓਲਾ ਰੋਗ ਨਾਲ ਮੋਕ ਤੋ ਬਾਅਦ ਗੋਹੇ ਦਾ ਕੇੜਾਪਣ, ਭਿੱਥਣਾ ਦਾ ਪੀਲਾਪਣ, ਜੁਬਾੜੇ ਹੇਠ ਪਾਣੀ ਭਰਨਾ, ਖ਼ੂਨ ਦੀ ਕਮੀ ।ਫੈਸੀਇਓਲਸਿਸ ਰੋਗ ਲੀਮਨਿਆਂ ਸੰਖ ਰਾਹੀ ਫੈਲਦਾ ਹੈ।
- ਕੋਕਸੀਡਿਉਸਿਸ ਵਿੱਚ ਪਸ਼ੂ ਦੇ ਗੋਹੇ ਵਿੱਚ ਖ਼ੂਨ ਦਾ ਆਉਣਾ, ਕਮਜੋਰੀ, ਸਰੀਰ ਦੇ ਪਿਛਲੇ ਵਾਲਾ ਹਿੱਸੇ ਦਾ ਗੋਹੇ ਨਾਲ ਲਿਬੜਿਆ ਹੋਣਾ, ਮਲ ਨਲੀ ਦੀ ਸੋਜਿਸ਼ ਅਤੇ ਖ਼ੂਨ ਦੇ ਧੱਬੇ, ਕਈ ਵਾਰੀ ਦੌਰੇ ਪੈਣਾ, ਗਰਦਨ ਸੁੱਟ ਕੇ ਲੇਟ ਜਾਣ ਉਪਰੰਤ ਮੌਤ
- ਕ੍ਰਿਪਟੋਸਪੋਰੀਡਿਉਸਿਸ ਬਿਮਾਰੀ 7-10 ਦਿਨ ਦੀ ਉਮਰ ਦੇ ਜਾਨਵਰਾਂ ਵਿੱਚ ਜਿਆਦਾ ਹੁੰਦੀ ਹੈ।ਚਿੱਟੇ ਰੰਗ ਦੀ ਮੋਕ ਜੋ ਕਿ ਐਂਟੀਬਾਉਟਿਕ ਦੇਣ ਨਾਲ ਵੀ ਠੀਕ ਨਹੀਂ ਹੁੰਦੀ।ਦਸਤ ਕਾਰਨ ਪਸ਼ੂ ਦੇ ਸਰੀਰ ਅੰਦਰ ਪਾਣੀ ਦੀ ਘਾਟ ਕਾਰਨ ਕਮਜੋਰੀ ਤੇ ਕਈ ਵਾਰੀ ਮੌਤ ਵੀ ਹੋ ਜਾਂਦੀ ਹੈ
- ਬੈਲੇਂਟੀਡੀਅਮ ਕੋਲਆਈ ਵਾਲੀ ਮੋਕ ਪਰਜੀਵੀ ਰਹਿਤ ਦਵਾਈਆਂ, ਐਟੀਂਬਾਇਓਟਿਕ ਦੇ ਇਲਾਜ ਨਾਲ ਵੀ ਠੀਕ ਨਹੀ ਹੁੰਦੀ

ਰੋਕਥਾਮ: ਢੁਕਵੇਂ ਤੇ ਸਹੀ ਇਲਾਜ ਲਈ ਪਰਜੀਵੀ ਦੇ ਆਂਡੇ, ਸਿਸਟ ਜਾਂ ਉਸਿਸਟ ਦੀ ਪਹਿਚਾਣ ਲਈ ਗੋਹੇ ਦੀ ਜਾਂਚ ਕਿਸੇ ਜਿਲ੍ਹਾ ਪੱਧਰ ਦੀ ਲੈਬੋਰਟਰੀ ਤੋਂ ਕਰਾਓਣਾ ਬਹੁਤ ਜਰੂਰੀ ਹੈ।

- ਪਸ਼ੂਆਂ ਨੂੰ ਸੰਤੁਲਿਤ ਆਹਾਰ ਤੇ ਸਾਫ ਸੁਥਰੀ ਖੁਰਾਕ ਤੇ ਪਾਣੀ ਦਿਉ। ਪਸ਼ੂਆਂ ਨੂੰ ਪੱਠੇ ਧੁੱਪ ਵਿੱਚ ਸੁਕਾ ਕੇ ਪਾਉਣੇ ਚਾਹੀਦੇ ਹਨ
- ਪਸ਼ੂ ਦੇ ਆਲੇ ਦੁਆਲੇ ਤੇ ਸ਼ੈਡਾਂ ਦਾ ਸਾਫ-ਸੁਥਰਾ ਪ੍ਰਬਧ ਰੱਖੋ। ਸ਼ੈਡਾਂ ਵਿੱਚ ਪਾਣੀ ਦੇ ਨਿਕਾਸ ਦਾ ਸਹੀ ਢੰਗ ਰੱਖੋ।
- ਗੋਹੇ ਨੂੰ ਤਰੁੰਤ ਇੱਕਠਾ ਕਰਕੇ ਕਿਸੇ ਡੂੰਘੇ ਟੋਏ ਵਿੱਚ ਦੱਬਣ ਉਪਰੰਤ ਖੁਰਾਕ ਦੇ ਤੌਰ ਤੇ ਵਰਤਣਾ ਚਾਹੀਦਾ ਹੈ।
- ਪੱਤਾਕਾਰ ਪਰਜੀਵੀਆਂ ਦੀ ਰੋਕਥਾਮ ਲਈ ਘੋਗਿਆਂ ਦੀਆਂ ਰਹਿਣ ਵਾਲੀਆਂ ਥਾਵਾਂ ਜਿਵੇਂ ਝੋਨੇ ਦੇ ਖੇਤ, ਟੋਏ, ਟਿੱਬੇ, ਟਿਊਬਵੈਲ, ਜਾਂ ਛੱਪੜਾਂ ਤੋਂ ਪਸ਼ੂ ਨੂੰ ਪਾਣੀ ਅਤੇ ਘਾਹ ਨਾ ਖਿਲ਼ਾਉ ।ਛੱਪੜਾਂ ਅਤੇ ਚਰਾਗਾਹਾਂ ਵਿੱਚ ਕਾਪਰ ਸਲਫੇਟ (ਨੀਲੇ ਥੋਥੇ) ਦੇ 0.5% ਘੋਲ ਦਾ 22.5 ਕਿ.ਗ੍ਰਾ./ਪ੍ਰਤੀ ਹੈਕਟੇਆਰ ਹਿਸਾਬ ਜਾਂ ਕੋਈ ਹੋਰ ਦਵਾਈ ਨਾਲ ਛਿੜਕਾਅ ਕਰੋ। ਛੱਪੜਾਂ ਵਿੱਚ ਬੱਤਖਾ ਤੇ ਮੱਛੀ ਪਾਲਣ ਦੀ ਵਿੱਧੀ ਨਾਲ ਵੀ ਘੋਗਿਆਂ ਦੀ ਰੋਕਥਾਮ ਲਈ ਕਾਫੀ ਸਹਾਇਕ ਹੈ।

## ਦੁਧਾਰੂਆਂ ਵਿੱਚ ਪਰਜੀਵੀ ਮੋਕ

- ਪੱਤਾਕਾਰ ਪਰਜੀਵੀਆਂ ਦੀ ਰੋਕਥਾਮ ਲਈ ਘੋਗਿਆਂ ਦੀਆਂ ਰਹਿਣ ਵਾਲੀਆਂ ਥਾਵਾਂ ਜਿਵੇਂ ਝੋਨੇ ਦੇ ਖੇਤ, ਟੋਏ, ਟਿੱਬੇ, ਟਿਊਬਵੈਲ, ਜਾਂ ਛੱਪੜਾਂ ਤੋਂ ਪਸ਼ੂ ਨੂੰ ਪਾਣੀ ਅਤੇ ਘਾਹ ਨਾ ਖਿਲਾਉ ।ਛੱਪੜਾਂ ਅਤੇ ਚਰਾਗਾਹਾਂ ਵਿੱਚ ਕਾਪਰ ਸਲਫੇਟ (ਨੀਲੇ ਥੋਥੇ) ਦੇ 0.5% ਘੋਲ ਦਾ 22.5 ਕਿ.ਗ੍ਰਾ./ਪ੍ਰਤੀ ਹੈਕਟੇਆਰ ਹਿਸਾਬ ਜਾਂ ਕੋਈ ਹੋਰ ਦਵਾਈ ਨਾਲ ਛਿੜਕਾਅ ਕਰੋ। ਛੱਪੜਾਂ ਵਿੱਚ ਬੱਤਖਾ ਤੇ ਮੱਛੀ ਪਾਲਣ ਦੀ ਵਿੱਧੀ ਨਾਲ ਵੀ ਘੋਗਿਆਂ ਦੀ ਰੋਕਥਾਮ ਲਈ ਕਾਫੀ ਸਹਾਇਕ ਹੈ
- ਨਵਜਾਤ ਪਸ਼ੂ ਨੂੰ ਮਾਂ ਦਾ ਪਹਿਲਾ ਦੁੱਧ (ਬਉਲੀ) ਜਲਦੀ ਹੀ ਦੇਣਾ ਚਾਹੀਦਾ ਹੈ ਕਿਉਕਿ ਇਹ ਐਂਟੀਬਾਡੀਸ ਨਾਲ ਭਰਪੂਰ ਹੋਣ ਕਰਕੇ ਛੋਟੀ ਉਮਰ ਦੇ ਜਾਨਵਰਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਂਉਦਾ ਹੈ।
- ਫੀਤੇਦਾਰ ਪਰਜੀਵੀ ਮਾਈਟਸ, ਮੱਛਰਾਂ, ਖਟਮਲਾਂ, ਘਰੇਲੂ ਮੱਖੀ ਅਤੇ ਕਈ ਤਰਾਂ ਦੇ ਹੋਰ ਜੀਵਾਂ ਰਾਹੀ ਜੀਵਨ ਕਾਲ ਪੂਰਾ ਕਰਦੇ ਹਨ।ਇਸ ਲਈ ਇਹਨਾਂ ਜੀਵਾਂ ਦੀ ਤੋਂ ਰੋਕਥਾਮ ਤੇ ਬਚਾਅ ਰੱਖਣਾ ਚਾਹੀਦਾ ਹੈ
- ਮਲੱਪ ਰਹਿਤ ਕਰਨ ਲਈ ਕੇਵਲ ਡਾਕਟਰ ਦੀ ਸਲਾਹ ਨਾਲ ਗੋਹੇ ਦੀ ਜਾਂਚ ਉਪਰੰਤ ਦਵਾਈ ਸਹੀ ਮਾਤਰਾ ਵਿੱਚ, ਪਸ਼ੂ ਦੇ ਭਾਰ ਅਨੁਸਾਰ ਤੇ ਜਰੂਰਤ ਅਨੁਸਾਰ ਬਦਲ ਬਦਲ ਕੇ ਹੀ ਦੇਣੀ ਚਾਹੀਦੀ ਹੈ
- ਗੱਭਣ ਪਸ਼ੂ ਨੂੰ ਤੀਸਰੀ ਤਿਮਾਹੀ ਦੋਰਾਨ ਸੂਏ ਤੋਂ ਮਹੀਨਾ ਪਹਿਲਾ ਕੇਵਲ ਫੈਨਬੈਂਡਾਜੋਲ ਨਾਲ ਮਲੱਪ ਰਹਿਤ ਕਰੋ
- ਕੱਟੜੂਆਂ ਅਤੇ ਵੱਛੜੂਆਂ ਨੂੰ 15 ਦਿਨ ਦੀ ਉਮਰ ਤੇ ਮਲੱਪ ਰਹਿਤ ਕਰੋ।6 ਮਹੀਨੇ ਦੀ ਉਮਰ ਤੱਕ ਇੱਕ ਮਹੀਨੇ ਦੇ ਅੰਤਰਾਲ ਨਾਲ ਪਰ ਗੋਹੇ ਦੀ ਜਾਂਚ ਤੋਂ ਬਾਅਦ ਹੀ ਪਰਜੀਵੀ ਰਹਿਤ ਦਵਾਈ ਦਿਉ




(ਡਾ. ਪਰਮਜੀਤ ਕੌਰ)

# ਮਸਨੂਈ ਗਰਭਦਾਨ ਦੀ ਸਫਲਤਾ ਦੇ ਪਹਿਲੂ

ਲਵੇਰੀਆਂ ਵਿਚ ਮਸਨੂਈ ਗਰਭਦਾਨ ਪਿਛਲੀ ਸਦੀ ਦੀ ਪਸ਼ੂ ਪਾਲਣ ਕਿੱਤੇ ਨਾਲ ਸਬੰਧਤ ਸਭ ਤੋਂ ਵੱਡੀ ਤਕਨੀਕੀ ਸਫਲਤਾ ਸੀ। ਇਸ ਵਿਧੀ ਨਾਲ ਡੇਅਰੀ ਪਸ਼ੂਆਂ ਦੇ ਨਸਲੀ ਗੁਣਾਂ ਵਿਚ ਬੜਾ ਤੇਜੀ ਨਾਲ ਵਾਧਾ ਹੋਇਆ ਹੈ। ਇਸ ਸਦੀ ਵਿਚ ਵੀ ਇਸ ਤਕਨੀਕ ਵਿਚ ਬਹੁੱਤ ਜਿਆਦਾ ਸੁਧਾਰ ਕੀਤਾ ਗਿਆ ਹੈ। ਇਸਦੀ ਸਫਲਤਾ ਕਈ ਗੱਲਾਂ ਤੇ ਨਿਰਭਰ ਕਰਦੀ ਹੈ। ਉਹ ਹਨ-

- **ਹੇਹੇ 'ਚ ਆਈ ਲਵੇਰੀ ਨੂੰ ਲੱਭਣਾ ਅਤੇ ਵੇਲੇ ਸਿਰ ਟੀਕਾ ਲਗਾਉਣਾ**
  - ਹੇਹੇ ਵਿਚ ਆਈ ਲਵੇਰੀ ਨੂੰ ਲੱਭਣ ਵਿਚ ਕੁਤਾਹੀ
  - ਮਸਨੂਈ ਗਰਭਦਾਨ ਦੀ ਟੀਕਾ ਬਹੁਤ ਜਲਦੀ ਲੱਗਣਾ
  - ਮਸਨੂਈ ਗਰਭਦਾਨ ਦੀ ਟੀਕਾ ਬਹੁਤ ਦੇਰ ਬਾਅਦ ਲੱਗਣਾ
- **ਵੀਰਜ ਦੀ ਕੁਆਲਿਟੀ**
  - ਟੀਕੇ ਤਿਆਰ ਕਰਨ ਵਾਲੇ ਸਾਨ੍ਹ ਦੀ ਪ੍ਰਜਨਣ ਯੋਗਤਾ ਦਾ ਘੱਟ ਹੋਣਾ
  - ਨੁਕਸ ਵਾਲੇ ਸ਼ੁਕਰਾਣੂਆਂ ਦੀ ਜਿਆਦਾ ਗਿਣਤੀ
  - ਸ਼ੁਕਰਾਣੂਆਂ ਦੀ ਹੱਲਚਲ ਦਾ ਘੱਟਣਾ
  - ਅੰਡੇ ਜਾਂ ਸ਼ੁਕਰਾਣੂਆਂ ਵਿਚ ਕੋਈ ਜੱਦੀ ਨੁਕਸ
- **ਮਸਨੂਈ ਗਰਭਦਾਨ ਦਾ ਟੀਕਾ ਲਗਾਉਣ ਵਾਲੇ ਦੀ ਕੁਸ਼ਲਤਾ**
  - ਮਸਨੂਈ ਗਰਭਦਾਨ ਦੀ ਵਿਧੀ ਵਿਚ ਤਰੁਟੀ
  - ਵੀਰਜ ਵਾਲੇ ਸਿਲੰਡਰ ਵਿਚ ਗੈਸ ਦਾ ਨਾ ਹੋਣਾ
  - ਸਿਲੰਡਰ ਵਿਚੋਂ ਟੀਕਾ ਬਾਹਰ ਕੱਢਣ ਵਿਚ ਗਲਤੀ
  - ਟੀਕਾ ਪਿੰਘਲਾਉਣ ਵਿਚ ਗਲਤੀ
  - ਟੀਕਾ, ਟੀਕੇ ਵਾਲੀ ਸਿਲਾਈ (AI Gun) ਵਿਚ ਪਾਉਣ ਸਮੇਂ ਗਲਤੀ
  - ਟੀਕੇ ਦੀ ਸੀਲ ਕੱਟਣ ਵਿਚ ਗਲਤੀ
  - ਟੀਕੇ ਵਾਲੀ ਸਿਲਾਈ ਉੱਪਰ ਪਲਾਸਟਿਕ ਦੀ ਗਲਤ ਪਾਈਪ ਚੜਾਉਣਾ
  - ਪਲਾਸਟਿਕ ਦੀ ਪਾਈਪ ਨੂੰ ਸਥਿਰ ਨਾ ਕਰਨਾ
  - ਟੀਕਾ ਲਗਾਉਣ ਸਮੇਂ ਲਵੇਰੀ ਨੂੰ ਕਾਬੂ ਕਰਨ ਵਿਚ ਗਲਤੀ
  - ਟੀਕਾ ਲਗਾਉਣ ਸਮੇਂ ਸੂਅ ਨੂੰ ਸਾਫ ਨਾ ਕਰਨਾ
  - ਟੀਕਾ, ਧੁੱਪ ਵਿਚ ਤਿਆਰ ਕਰਨਾ ਅਤੇ ਲਗਾਉਣਾ
  - ਟੀਕਾ ਲਗਾਉਣ ਸਮੇਂ ਵੀਰਜ ਗਲਤ ਜਗ੍ਹਾ ਉੱਪਰ ਛੱਡਣਾ
- **ਲਵੇਰੀ ਦੀ ਪ੍ਰਜਨਣ ਯੋਗਤਾ**
  - ਅੰਡੇਦਾਨੀ ਤੋਂ ਅੰਡੇ ਦਾ ਨਾ ਡਿਗਣਾ
  - ਹੇਹੇ ਦੌਰਾਨ ਅੰਡੇਦਾਨੀ ਤੋਂ ਅੰਡੇ ਦਾ ਬਹੁਤ ਦੇਰ ਬਾਅਦ ਡਿਗਣਾ
  - ਅੰਡੇਦਾਨੀ ਦਾ, ਨਾਲ ਲੱਗਦੇ ਹਿੱਸਿਆਂ ਨਾਲ ਜੁੜ ਜਾਣਾ
  - ਅੰਡੇਦਾਨੀ ਉੱਪਰ ਛਾਲਾ
  - ਅੰਡਨਲੀ ਜਾਂ ਬੱਚੇਦਾਨੀ ਵਿਚ ਕਿਸੇ ਕਿਸਮ ਦੀ ਸੋਜ
  - ਅੰਡਨਲੀ ਦਾ ਬੰਦ ਹੋ ਜਾਣਾ
  - ਬੱਚੇਦਾਨੀ ਅੰਦਰ ਅਣਸੁਖਵਾਂ ਵਾਤਾਵਰਣ
  - ਲਵੇਰੀਆਂ ਦਾ ਅਣਸੁਖਾਵਾਂ ਸ਼ੈੱਡ
  - ਅੱਤ ਦੀ ਗਰਮੀ (ਜੇਠ-ਹਾੜ ਸਮੇਂ)
  - ਕੜਾਕੇ ਦੀ ਠੰਡ (ਪੋਹ-ਮਾਘ ਸਮੇਂ)
  - ਖੁਰਾਕ/ਪੱਠਿਆਂ ਦੀ ਮਾੜੀ ਕੁਆਲਿਟੀ (ਜ਼ਰੂਰੀ ਤੱਤਾਂ ਦੀ ਘਾਟ/ਵਾਧ)
  - ਖੁਰਾਕੀ ਅੰਸ਼ਾਂ ਦੁਆਰਾ ਕਿਸੇ ਕਿਸਮ ਦਾ ਜਹਿਰਵਾ
  - ਲਵੇਰੀ ਦੇ ਅੰਦਰੂਨੀ ਜਣਨ ਅੰਗਾਂ ਵਿਚ ਜੱਦੀ ਨੁਕਸ
  - ਕਰੀਬੀ ਰਿਸ਼ਤੇਦਾਰੀ ਵਿਚ ਮਿਲਾਪ

(ਡਾ. ਰਾਕੇਸ਼ ਕੁਮਾਰ ਸ਼ਰਮਾ)

## ਮੁਰਗੀਆਂ ਵਿੱਚ 'ਆਰਟੀਫ਼ਿਸ਼ਿਅਲ ਇਨਸੈਮੀਨੇਸ਼ਨ'

'ਆਰਟੀਫ਼ਿਸ਼ਿਅਲ ਇਨਸੈਮੀਨੇਸ਼ਨ' ਵਿਧੀ ਦੁਆਰਾ, ਇੱਕ ਮੁਰਗੇ ਦਾ ਪ੍ਰਯੋਗ ਕਈ ਮੁਰਗੀਆਂ ਵਿੱਚ ਪ੍ਰਜਨਣ ਲਈ ਕੀਤਾ ਜਾ ਸਕਦਾ ਹੈ। ਇਸ ਵਿਧੀ ਵਿੱਚ ਪੋਲਟਰੀ ਬ੍ਰੀਡਿੰਗ ਫ਼ਾਰਮ 'ਤੇ ਬਹੁਤ ਹੀ ਘੱਟ ਸੰਖਿਆ ਵਿੱਚ ਨਰ ਮੁਰਗਿਆਂ ਦੀ ਲੋੜ ਹੁੰਦੀ ਹੈ, ਜਿਸ ਨਾਲ ਫ਼ਾਰਮ ਦੇ ਵਪਾਰ ਦੀ ਆਰਥਿਕਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਵਿਧੀ ਦਾ ਇੱਕ ਫ਼ਾਇਦਾ ਇਹ ਹੈ ਕਿ ਨਰ ਅਤੇ ਮਾਦਾ ਪੰਛੀਆਂ ਨੂੰ ਅਲੱਗ ਰੱਖਿਆ ਜਾ ਸਕਦਾ ਹੈ, ਜਿਸ ਨਾਲ ਪੋਲਟਰੀ ਪੰਛੀਆਂ ਵਿੱਚ ਅਣਚਾਹੇ ਪ੍ਰਜਨਣ ਤੋਂ ਬਚਿਆ ਜਾ ਸਕਦਾ ਹੈ। ਇਸ ਵਿਧੀ ਵਿੱਚ ਵੰਸ਼ਾਵਲੀ ਦਾ ਰਿਕਾਰਡ ਵੀ ਸੰਭਵ ਹੈ। ਵੱਧ ਭਾਰ ਜਾਂ ਵਜ਼ਨ ਵਾਲੀਆਂ ਨਸਲਾਂ ਵਿੱਚ ਵੀ ਇਸ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਦੇ ਨਾਲ-ਨਾਲ ਪ੍ਰਜਨਣ ਪ੍ਰਣਾਲੀ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

### ਨਰ ਪੰਛੀਆਂ ਤੋਂ ਵੀਰਜ ਸੰਗ੍ਰਹਿ

ਨਰ ਪੰਛੀ ਨੂੰ ਪਿੰਜਰੇ ਤੋਂ ਬਾਹਰ ਕੱਢ ਕੇ ਉਸ ਦੇ ਪਿੱਠ ਦੇ ਪਿਛਲੇ ਹਿੱਸੇ ਹੱਥ ਫ਼ੇਰਦੇ ਹੋਏ ਉਸ ਨੂੰ ਇੱਕ ਥਾਂ 'ਤੇ ਟਿਕਾਇਆ ਜਾਂਦਾ ਹੈ, ਜਿਸ ਨਾਲ ਨਰ ਪੰਛੀ ਵੀਰਜ ਦਾਨ ਕਰਨ ਦੀ ਸਥਿਤੀ ਵਿੱਚ ਆ ਜਾਂਦਾ ਹੈ। ਇਸ ਤੋਂ ਬਾਅਦ ਵੀਰਜ ਨੂੰ 2 ਮਿਲੀਲੀਟਰ ਗਲਾਸ ਬੀਕਰ ਜਾਂ ਟਿਊਬ ਵਿੱਚ ਇਕੱਠਾ ਕੀਤਾ ਜਾਂਦਾ ਹੈ।

### ਪੋਲਟਰੀ ਵੀਰਜ ਦੀਆਂ ਵਿਸ਼ੇਸ਼ਤਾਵਾਂ

ਮੁਰਗਿਆਂ ਦੇ ਵੀਰਜ ਦੀ ਮਾਤਰਾ, ਘਣਤਾ, ਪੀ ਐਚ, ਵੀਰਜ ਦੇਣ ਦੀ ਉਮਰ ਅਤੇ ਰੰਗ, ਹੇਠਾਂ ਸਾਰਣੀ ਵਿੱਚ ਦਿੱਤੇ ਗਏ ਹਨ।

| ਮਾਤਰਾ (ਐਮ ਐਲ) | ਸ਼ੁਕਰਾਣੂਆਂ ਦੀ ਸੰਖਿਆ | ਪੀ ਐਚ | ਵੀਰਜ ਦੇਣ ਦੀ ਉਮਰ | ਰੰਗ |
|---|---|---|---|---|
| 0.25 - 0.50 | 4 - 6 x $10^9$ / ਅਜੈਕੁਲੇਟ | 7.0- 7.2 | 21 - 24 ਹਫ਼ਤੇ | ਮੋਤੀ ਵਰਗਾ ਸਫ਼ੈਦ |

### ਵੀਰਜ ਪਤਲਾ ਕਰਨ ਦੀ ਪ੍ਰਕਿਰਿਆ

ਵੀਰਜ ਵਿੱਚ ਸ਼ੁਕਰਾਣੂਆਂ ਦੀ ਸੰਖਿਆ ਦੇ ਅਨੁਸਾਰ 1 ਭਾਗ ਵੀਰਜ ਵਿੱਚ 5-10 ਭਾਗ ਮੋਡੀਫ਼ਾਇਡ ਰਿੰਗਰ ਸਲੂਸ਼ਨ ਮਿਲਾ ਕੇ ਵੀਰਜ ਦੀ ਮਾਤਰਾ ਨੂੰ 5-10 ਗੁਣਾ ਤੱਕ ਵਧਾਇਆ ਜਾ ਸਕਦਾ ਹੈ। ਸਟੋਰ ਕਰਨ ਦਾ ਤਾਪਮਾਨ 4 ਤੋਂ 6 ਡਿਗਰੀ ਸੈਲਸੀਅਸ ਹੋਣਾ ਚਾਹੀਦਾ ਹੈ।

### ਆਰਟੀਫ਼ਿਸ਼ਿਅਲ ਇਨਸੈਮੀਨੇਸ਼ਨ

ਮਾਦਾ ਪੰਛੀ ਵਿੱਚ ਗਰਭ ਧਾਰਨ ਕਰਨ ਲਈ 0.05 ਤੋਂ 0.10 ਮਿਲੀਲੀਟਰ ਵੀਰਜ ਨੂੰ 2 ਮਿਲੀਲੀਟਰ ਸਿਰਿੰਜ ਦੀ ਸਹਾਇਤਾ ਨਾਲ ਵੈਂਟ ਵਿੱਚ ਪਾ ਦਿੱਤਾ ਜਾਂਦਾ ਹੈ। ਬਣਾਉਟੀ ਗਰਭਧਾਨ ਦੇ ਸਮੇਂ ਮਾਦਾ ਨੂੰ ਪੇਟ ਵਿੱਚ ਹਲਕੀ ਮਾਲਿਸ਼ ਕੀਤੀ ਜਾਂਦੀ ਹੈ, ਜਿਸ ਨਾਲ ਉਸ ਦੀ ਯੂਟਰਸ ਵਿੱਚ ਵੀਰਜ ਦਾ ਪ੍ਰਵੇਸ਼ ਕੀਤਾ ਜਾ ਸਕੇ। ਚੰਗੇ ਪ੍ਰਜਨਣ ਨਤੀਜੇ ਪ੍ਰਾਪਤ ਕਰਨ ਲਈ ਬਣਾਉਟੀ ਗਰਭਦਾਨ ਵਾਸਤੇ ਵੀਰਜ ਦੀ ਮਾਤਰਾ 0.05 ਤੋਂ 0.10 ਮਿਲੀਲੀਟਰ ਦੀ ਸੀਮਾ ਵਿੱਚ ਹੋਣੀ ਚਾਹੀਦੀ ਹੈ।

### ਆਰਟੀਫ਼ਿਸ਼ਿਅਲ ਇਨਸੈਮੀਨੇਸ਼ਨ ਦਾ ਸਮਾਂ ਅਤੇ ਅੰਤਰਾਲ

ਮੁਰਗੀਆਂ ਦਾ ਬਣਾਉਟੀ ਗਰਭਦਾਨ ਦੁਪਹਿਰ ਦੇ ਸਮੇਂ ਕੀਤਾ ਜਾਣਾ ਚਾਹੀਦਾ ਹੈ, ਜਦੋਂ ਤੱਕ ਜ਼ਿਆਦਾਤਰ ਪੰਛੀਆਂ ਦੀ ਆਂਡੇ ਦੇਣ ਦੀ ਪ੍ਰਕਿਰਿਆ ਸਮਾਪਤ ਹੋ ਚੁੱਕੀ ਹੁੰਦੀ ਹੈ, ਜਿਸ ਨਾਲ ਉਨ੍ਹਾਂ ਦੇ ਯੂਟਰਸ ਵਿੱਚ ਆਂਡੇ ਨਹੀਂ ਹੁੰਦੇ ਅਤੇ ਸ਼ੁਕਰਾਣੂ ਯੂਟਰਸ ਵਿੱਚ ਆਸਾਨੀ ਨਾਲ ਅੱਗੇ ਵਧਦੇ ਹਨ ਅਤੇ ਨਿਸ਼ੇਚਨ ਦੀ ਪ੍ਰਕਿਰਿਆ ਆਸਾਨ ਹੋ ਜਾਂਦੀ ਹੈ। ਇਸ ਕਾਰਨ ਫ਼ਰਟਾਈਲ ਆਂਡਿਆਂ ਦੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ। ਆਮ ਤੌਰ 'ਤੇ ਦੁਪਹਿਰ 2 ਤੋਂ 4 ਵਜੇ ਦੇ ਵਿਚਕਾਰ ਬਣਾਉਟੀ ਗਰਭਦਾਨ ਕੀਤਾ ਜਾਣਾ ਚਾਹੀਦਾ ਹੈ।ਆਰਟੀਫ਼ਿਸ਼ਿਅਲ ਇਨਸੈਮੀਨੇਸ਼ਨ ਦਾ ਅੰਤਰਾਲ, 5 ਤੋਂ 7 ਦਿਨ ਵਿੱਚ ਇੱਕ ਵਾਰ ਹੋਣਾ ਚਾਹੀਦਾ ਹੈ।

(ਡਾ. ਸ਼ਕਤੀ ਕਾਂਤ ਦਾਸ)

## ਜਨਵਰੀ- ਫ਼ਰਵਰੀ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਜਨਵਰੀ ਮਹੀਨੇ ਵਿੱਚ ਸਰਦ ਮੌਸਮ ਆਪਣੇ ਸਿਖਰ ‘ਤੇ ਪਹੁੰਚ ਜਾਂਦਾ ਹੈ। ਪਸ਼ੂਆਂ ਅਤੇ ਪੰਛੀਆਂ ਨੂੰ ਸਰਦ ਮੌਸਮ ਤੋਂ ਬਚਾਉਣ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਖਾਸ ਤੌਰ ‘ਤੇ ਨਵਜੰਮੇ ਬੱਚਿਆਂ ਦੀ ਦੇਖਭਾਲ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਸਿਫ਼ਾਰਿਸ਼ਾਂ ਅਨੁਸਾਰ 4 ਮਹੀਨਿਆਂ ਦੀ ਉਮਰ ਤੱਕ ਦੁੱਧ ਪਿਆਉਣਾ ਲਾਜ਼ਮੀ ਹੈ।

### ਡੇਅਰੀ ਫ਼ਾਰਮਿੰਗ

ਪਸ਼ੂਆਂ ਨੂੰ ਦਿਨ ਵੇਲੇ ਧੁੱਪ ਵਿੱਚ ਰੱਖੋ। ਲੋੜ ਅਨੁਸਾਰ ਪਸ਼ੂਆਂ ਉੱਤੇ ਪੱਲੜ ਦਾ ਪ੍ਰਬੰਧ ਵੀ ਕਰੋ।

ਪਸ਼ੂਆਂ ਦੇ ਸ਼ੈੱਡ ਨੂੰ ਬੰਦ ਕਰਨ ਵੇਲੇ ਰੌਸ਼ਨਦਾਨ ‘ਤੇ ਹਲਕੇ ਪਰਦੇ ਪਾਉ ਤਾਂ ਕਿ ਸ਼ੈੱਡ ‘ਚੋਂ ਹਵਾ ਦਾ ਨਿਕਾਸ ਹੋ ਸਕੇ।

ਸ਼ੈੱਡ ਦੀ ਫ਼ਰਸ਼ ‘ਤੇ ਸੁੱਕੀ ਪਰਾਲੀ ਦੀ ਮੋਟੀ ਤੈਅ ਵਿਛਾ ਕੇ ਰੱਖੋ। ਗਿੱਲੀ ਹੋਈ ਪਰਾਲੀ ਨੂੰ ਹਟਾ ਕੇ ਰੂੜੀ ਵਿੱਚ ਮਿਲਾਉ।

### ਬੱਕਰੀ ਪਾਲਣ

ਬੱਕਰੀਆਂ ਦੇ ਵਾੜੇ ਦੀ ਫ਼ਰਸ਼ ਸਾਫ਼ ਅਤੇ ਸੁੱਕੀ ਹੋਣੀ ਚਾਹੀਦੀ ਹੈ। ਫ਼ਰਸ਼ ‘ਤੇ ਪਰਾਲੀ ਵਿਛਾ ਕੇ ਰੱਖੋ।

ਇੱਕ ਸਾਲ ਤੋਂ ਵੱਧ ਉਮਰ ਦੀਆਂ ਪੱਠਾਂ ਅਤੇ ਬੱਕਰੀਆਂ ਨੂੰ 250-500 ਗ੍ਰਾਮ ਸੰਤੁਲਿਤ ਖੁਰਾਕ ਅਤੇ ਫ਼ੀਡ ਪਾਉ। ਇਸ ਨਾਲ ਅੰਡ ਕੋਸ਼ ਦਾ ਵਧੀਆ ਵਿਕਾਸ ਹੁੰਦਾ ਹੈ ਅਤੇ ਸੂਣ ਵੇਲੇ ਪੱਠ ਜ਼ਿਆਦਾ ਛੇਲੇ ਦਿੰਦੀ ਹੈ।

ਮਾਦਾ ਬੱਕਰੀਆਂ ਨੂੰ ਫ਼ਰਵਰੀ ਮਹੀਨੇ ਤੋਂ ਤਾਅ ਦੀਆਂ ਨਿਸ਼ਾਨੀਆਂ ਲਈ ਦੇਖੋ।

ਸੂਣ ਵਾਲੀਆਂ ਬੱਕਰੀਆਂ ਨੂੰ ਸੂਣ ਤੋਂ 15 ਦਿਨ ਪਹਿਲਾਂ ਬਾਕੀ ਵੱਗ ਤੋਂ ਅਲੱਗ ਕਰ ਦਿਉ।

### ਮੁਰਗੀ ਪਾਲਣ

ਮੁਰਗੀ ਪਾਲਣ ਸ਼ੁਰੂ ਕਰਨ ਲਈ ਫ਼ਰਵਰੀ ਮਹੀਨਾ ਬਹੁਤ ਢੁਕਵਾਂ ਹੈ।

ਚੂਚਿਆਂ ਨੂੰ ਵਧੀਆ ਢੰਗ ਨਾਲ ਪਾਲਣ ਲਈ ਉਮਰ ਦੇ ਪਹਿਲੇ ਮਹੀਨੇ ਦੌਰਾਨ ਲਗਭਗ 32 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਪੈਂਦੀ ਹੈ। ਇਸ ਦੌਰਾਨ ਚੂਚਿਆਂ ਨੂੰ ਪਰਦੇ ਕਰ ਕੇ ਕਮਰੇ/ ਸ਼ੈੱਡ ਵਿੱਚ ਬਰੂਡਰ ਹੇਠਾਂ ਪਾਲਣਾ ਚਾਹੀਦਾ ਹੈ।

ਆਂਡੇ ਦੇਣ ਵਾਲੀਆਂ ਕਿਸਮਾਂ ਦੇ ਚੂਚਿਆਂ ਨੂੰ 0-1 ਹਫ਼ਤੇ ਤੱਕ 24 ਘੰਟੇ, 2-3 ਹਫ਼ਤੇ ਤੱਕ 20 ਘੰਟੇ, 4-12 ਹਫ਼ਤੇ ਤੱਕ 16 ਘੰਟੇ ਰੋਸ਼ਨੀ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

### ਸੂਰ ਪਾਲਣ

ਸੂਰਾਂ ਦੇ ਸ਼ੈੱਡ ਵਿੱਚ ਸਫ਼ਾਈ ਦਾ ਪੂਰਾ ਪ੍ਰਬੰਧ ਕਰੋ। ਲੋੜ ਅਨੁਸਾਰ ਫ਼ਰਸ਼ ‘ਤੇ ਪਰਾਲੀ ਵਿਛਾਉ।

ਸੂਰਾਂ ਦੇ ਬੱਚਿਆਂ ਵਾਲੇ ਖਾਨੇ ਵਿੱਚ ਤਕਰੀਬਨ 2 ਫ਼ੁੱਟ ‘ਤੇ ਬਲਬ ਲਗਾ ਕੇ ਨਿੱਘ ਬਣਾ ਕੇ ਰੱਖੋ।

### ਮੱਛੀ ਪਾਲਣ

ਜਨਵਰੀ ਦੌਰਾਨ ਤਲਾਅ ਵਿੱਚ ਖਾਦ ਨਾ ਪਾਉ।

ਤਲਾਅ ਦੇ ਆਲੇ ਦੁਆਲੇ ਛਾਂਦਾਰ ਰੁੱਖਾਂ ਦੀ ਛੰਗਾਈ ਕਰੋ।

ਫ਼ਰਵਰੀ ਦੇ ਅਖੀਰਲੇ ਹਫ਼ਤੇ ਮੱਛੀਆਂ ਨੂੰ ਖੁਰਾਕ ਪਾਉਣੀ ਸ਼ੁਰੂ ਕਰੋ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ)